16972G

16972-G

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

169729

ਛਾਪਾ ਟੈਪ

ਸਿਹਰਫ਼ੀ

# ਬੁੱਲੇ ਸ਼ਾਹ

ਜਿਸਕੋ

ਹਾਜੀ ਚਰਾਗ਼ਦੀਨ ਸਰਾਜਦੀਨ

ਤਾਜਰਾਨਿ ਕੁਤਬ ਲਾਹੌਰ ਬਾਜ਼ਾਰ ਕਸ਼ਮੀਰੀ

ਨੇ

## ਮੁਨਸ਼ੀ ਲਾਲਦੀਨ

ਮਾਲਿਕ ਮਤਬਾ ਮੇ

ਐਲਬੀਯਨ ਪ੍ਰੈਸ [illegible] ਲਾਹੌਰ ਦਰਵਾਜ਼ਹ
ਮਸਤੀ [illegible] ਛਪਵਾਈ

DEPARTMENT OF LANGUAGES PUNJAB PATIALA
BOOK

Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

ਅਲਫ਼ ਆਪਨੇ ਆਪ ਨੂੰ ਸਮਝ ਪਹਿਲੇ ਕੀ ਵਸਤ ਹੈ
ਤੇਰੜਾ ਰੂਪ ਪਿਆਰੇ ॥ ਬਝ ਆਪਣੇ ਆਪਦੇ ਸਗੀ ਕੀਤੇ
ਰਹਿਓਂ ਵਿਚ ਿ ਸੂਰ ਦੇ ਦੁਖ ਭਾਰੇ ॥ ਹੋਰ ਲਖ ਉਪਾਉਨ
ਸੁਖ ਹੋਵੇ ਪੁਛ ਦੇਖ ਸਿਆਨੜੇ ਜਗ ਸਾਰੇ ॥ ਸੁਖ ਰੂਪ ਚੈਤੰਨ
ਅਖੰਡ ਹੈਂ ਤੂੰ ਬੁੱਲਾ ਸ਼ਾਹ ਪੁਕਾਰ ਦੇ ਵੇਦ ਚਾਰੇ ॥੧॥ ਬੇ ਬੰਨ੍ਹ
ਅੱਖੀਂ ਅ ਤ ਕੰਨ ਵੇਂ ਹੋ ਸ਼ ਬੈਠਕੇ ਬਾਤ ਵਿਚਾਰੀਏ ਜੀ ॥
ਛਡ ਹਿਸ਼ਾਂ ਜਗ ਜਹਾਨ ਕੂੜਾ ਕਹਿਆ ਆਰਫ਼ਾਂਦਾ ਹੀਯੋ
ਧਾ ਇਜੀ ॥ ਪੈਰੀਂ ਪ ਇ ਜ਼ੰਜੀਰ ਬੇਖ਼ਾਹਿਸ਼ੀ ਦੇ ਏਸ ਨਫ਼ਸ
ਕੈਦ ਕਰ ਡਾਰੀਏ ਜੀ ॥ ਜਾਨ ਜਾਣਦੀ ਨੂੰ ਜਾਨ ਰੂਪ ਹੈ
ਨੂੰ ਬੁੱਲਾ ਸ਼ਾਹ ਏਹ ਖ਼ੁਸ਼ੀ ਗੁਜ਼ਾਰੀਏ ਜੀ ॥ ੨॥ ਤੇ ਤਨਕ ਜਿਨਾ
ਛਿਦ੍ਰ ਮੂਲ ਨਹੀਂ ਜਿੱਥੇ ਕੱਖ ਨਾ ਵਿਚ ਸਮਾਂਵਦਾ ਹੈ ॥ ਢੂੰਡ ਦੇਖ
ਜਹਾਨ ਦੀ ਠੌਰ ਕਿੱਥੇ ਅਨ ਹੋਂਦੜਾ ਨਜ਼ਰੀ ਆਂਵਦਾ ਹੈ ॥
ਜਿਵੇਂ ਖ਼੍ਵਾਬ ਖ਼ਿਆਲ ਹੈ ਸੁੱਤਿਆਂ ਨੂੰ ਤਰਾਂ ਤਰਾਂ ਦੇ ਰੂਪ ਦਿਖਾਂ
ਵਦਾ ਹੈ ॥ ਬੁੱਲਾ ਸ਼ਾਹ ਨਾ ਤੁਝ ਬਾਂ ਕਝ ਬਾਹਰ ਤੇਰਾ ਭਰਮ
ਤੈਨੂੰ ਭਰਮਾਉਂਦਾ ਹੈ ॥ ੩ ॥ ਸੇ ਸ ਭੁਕੇ ਬੈਠ ਹਿਸਾਬ ਅੰਦਰ
ਤੂੰ ਤਾਂ ਆਸਰਾ ਕੁਲ ਜਹਾਨ ਦਾ ਹੈਂ ॥ ਤਰਵਿਸਦਿਆਂ ਦਿਸਦਾ
ਸਭ ਕੋਈ ਨਾਹੀਂ ਕਿਸੇ ਨੂੰ ਨਾਹ ਪਛਾਣਦਾ ਹੈ ਤੇਰਾ ਖ਼ਿਆਲ
ਹੀ ਹੋਇ ਇਹ ਰਤਰਾਂ ਦਿੱਸੇ ਜਿਵੇਂ ਖ਼ਿਆਲ ਬੇਤਾਲ ਕਰ ਜਾਣਦਾ ਹੈ
॥ ਬੁੱਲਾ ਸ਼ਾਹ ਛੁਡਾਵੇ ਕੌਣ ਫਾਬੜੇ ਨੂੰ ਫਸ ਆਪੇ ਆਪੇ ਫਾਹੀ
ਤਾਨਦਾ ਹੈ ॥ ੪ ॥ ਜੀਮ ਜੀਵਣਾ ਭਲਾ ਕਰ ਮੰਨਿਆ ਤੈਂ

Digitized by Panjab Digital Library | www.panjabdigilib.org

 169726

ਡਰਿ ਮਰਨ ਥੀ ਇਹ ਅਰਮਾਨ ਭਾਰਾ ॥ ਇਕ ਤੂੰਹੀ ਤਾਂ ਜਿੰਦ
ਜਹਾਨ ਦੀ ਹੈ ਘਟਾ ਕੱਸ ਜਿਵੇਂ ਮਿਲੇ ਸਭ ਨਿਆ ॥ ਤੇਰੇ ਜਹਾ
ਨਾ ਦੂਸਰਾ ਹੋਰ ਕੋਈ ਆਹਿ ਅੰਤ ਬਾਝੋਂ ਸਭ ਨਾਲ ਰੰਗੇ ਪਿਆਰਾ ॥
ਬੁੱਲਾ ਸ਼ਾਹ ਸੰਭਾਲਨਾ ਕਾਲ ਕੋਈ ਤੂੰ ਤਾਂ ਮਰਨ ਹੈਂ ਸਦਾ
ਨਹੀਂ ਮਰਨ ਹਾਰਾ ॥ ੫ ॥ ਹੇ ਹਿਰਸ ਹੈਰਾਨ ਕਰ
ਸਟਿਓਂ ਤੂੰ ਤੈਨੂੰ ਆਪਨਾ ਆਪ ਭੁਲਾਯਾਸੂ ॥ ਪਤਸ਼ਾਹ ਯੋਂ
ਸਟ ਕੰਗਾਲ ਕੀੜਾ ਕਰ ਲੱਖ ਥੀਂ ਕੱਖ ਵਿਖਾਯਾ ਸੂ ॥
ਮਦ ਮਤੜੇ ਸ਼ੇਰ ਨੂੰ ਤੰਦ ਕੱਚੀ ਪੈਰੀਂ ਪਾਇਕੇ ਬੰਨ ਬਹਾਯਾ
ਸੂ ॥ ਬੁੱਲਾ ਸ਼ਾਹ ਤਮਾਸ਼ੜਾ ਹੋਰ ਦੇਖੋ ਲੈ ਸਮੁੰਦ੍ਰ ਨੂੰ ਕੁੱਜੀ
ਵਿਚ ਪਾਯਾਸੂ ॥ ੬ ॥ ਖ਼ੇ ਖ਼ਬਰ ਨਾ ਆਪ ਨੀ ਰੱਬਨਾ ਹੈਂ
ਲਗ ਖ਼ਿਆਲ ਦੇ ਨਾਲ ਬਖ਼ਿਯਾਲ ਹੋਯਾ ॥ ਜ਼ਰਾ ਖ਼ਿਆਲ
ਨੂੰ ਛੱਡ ਬੇਖ਼ਿਆਲ ਹੋਯਾ ਜਿਵੇਂ ਰਹੇ ਅਧ ਜਾਗਿਯਾ ਨਾਹਿ
ਸੋਯਾ ॥ ਤਦੋਂ ਤੋਸ਼ਖ਼ਾਨਾ ਅੰਦਰ ਕੌਣ ਦੇਖ ਨਹੀਂ ਘਾਸ ਮੇਂ
ਛਿਪ ਹਾਥੀ ਖਲੋਯਾ ॥ ਬੁੱਲਾ ਸ਼ਾਹ ਜਿਉਂ ਗਲ ਦੇ ਵਿੱਚ
ਗੈਹਣਾ ਫਿਰੇ ਢੂੰਡਦਾ ਤਾਹਿ ਕੋ ਨਾਹਿ ਖੋਯਾ ॥ ੭ ॥ ਚੇ ਚਾਨਣਾ
ਕੁਲ ਜਹਾਨ ਦਾ ਤੂੰ ਤੇਰੇ ਆਸਰੇ ਹੋਇ ਵਿਵਹਾਰ ਸਾਰਾ ॥
ਹੋਇ ਸਰਬ ਕੀ ਅਖ ਮੇਂ ਦੇਖਦਾ ਹੈ ਤੁਝ ਸੁਝਦਾ ਚਾਨਣਾ
ਅਰ ਅੰਧਾਰਾ ॥ ਨਿੱਤ ਸੋਵਣਾ ਜਾਗਣਾ ਖਾਬ ਤਰੀ ਨਹ ਹੋਇ
ਅਗੇ ਤੇਰੇ ਕਈ ਵਾਰ ॥ ਬੁੱਲਾ ਸ਼ਾਹ ਪ੍ਰਕਾਸ਼ ਸਰੂਪ ਤੇਰਾ ਘਟ
ਵਧ ਨਹੋਤ ਹੈ ਇਕ ਸਾਰਾ ॥ ੮ ॥ ਦਾਲ ਦਿਲੋਂ ਦਿਲਗੀਰ ਨਾ
ਹੋਇ ਮੂਲੋਂ ਦੂਜੀ ਚੀਜ਼ ਨਾਪਦ ਤਹਕੀਕ ਕੀਜੇ ॥ ਅਕਲ
ਜਾਇ ਕੀਜੇ ਸੁਹਬਤ ਆਰਫ਼ਾਂ ਦੀ ਸੁਖਨ ਤਿਨਾਂ ਦੇ ਆਬ

Digitized by Panjab Digital Library | www.panjabdigilib.org

ਪ੍ਰਸਾਤ ਪੀਤੇ॥ ਕਮ ਮਜਿਗਰ ਦੀ ਮਲਨ ਨਾਹੋਰ ਹੇਰੀ ਜਿਤ ਸਮਝਦਾ ਤਿਨਾ ਕਰ ਸਾਫ਼ ਲੀਜ ॥ ਬੁੱਲਾਸ਼ਾਹ ਸੰਭਾਲ ਕੇ ਦੇਖ ਖਾਂ ਤੂੰ ਤੂਹੀਂ ਏਕ ਆਨੰਦ ਮ ਖ਼ਦਾ ਜਾਂ ਜੇ ॥ ੯ ॥ ਜ਼ਾਲ ਜ਼ਰਾ ਭੀ ਸ਼ਕ ਨਾ ਰੱਖ ਮਨ ਤੇ ਇਕ ਤੂਹੀਂ ਹੈਗਾ ਖ਼ੁਦਾ ਖ਼ੁਦਾ ਸਾਈਂ ॥ ਜਿਵੇਂ ਸਿੰਘ ਭੂਲੇ ਬਲ ਅਪਨੇ ਨੂੰ ਚੁਗੇ ਘਾਸ ਮਿਲ ਅਜਾ ਮੈਂ ਅਜਾ ਕ੍ਰਿਆਈਂ ॥ ਪਿਛੋਂ ਸਮਝ ਬਲ ਗਰਜਿਆ ਅਜਾ ਮਾਰੀ ਭਯੋ ਸਿੰਘ ਕਾ ਸਿੰਘ ਕੁਛ ਭੇਦ ਨਾਹੀਂ ॥ ਤੈਸੇ ਤੇ ਹਤੇ ਮੋਹ ਕਰ ਤੂੰ ਔਰਧਾਰੀ ਬੁੱਲਾਸ਼ਾਹ ਸੰਭਾਲ ਤੂੰ ਆਪ ਤਾਈਂ ॥ ੧੦ ॥ ਰੇ ਰੰਗ ਜਹਾਨ ਦੇ ਦੇਖਦਾ ਹੈਂ ਸੋਹਣੇ ਬਾਝ ਵਿਚਾਰਿਆਂ ਦਿਸਦੇ ਨੀ ॥ ਜਿੰਦੇ ਹੋਤ ਹਬਾਬ ਬਹੁ ਰੰਗ ਦਨੀ ਅੰਦਰ ਆਬ ਦੇ ਜ਼ਰਾ ਵਿਚ ਫਸਦੇ ਨੀ। ਆਬ ਖ਼ਾਕ ਆਤਿਸ਼ ਬਾਦ ਭਏ ਕਠੇ ਦੇਖ ਅਜਬੀ ਕਲ ਨੂੰ ਖਿਸਦੇ ਨੀ ॥ ਬੁੱਲਾਸ਼ਾਹ ਸੰਭਾਲ ਤੂੰ ਆਪ ਤਾਈਂ ਦੁਖ ਸੁਖ ਸੁਭਾਓ ਏਹ ਕਿਸਦੇ ਨੀ ॥ ੧੧ ॥ ਜੇ ਜਾਵਣਾ ਆਵਣਾ ਨਹੀਂ ਓਥੋ ਕੋਹ ਵਾਂਗਤਾਂ ਨੰਤ ਅਡੋਲ ਹੈ ਜੀ॥ ਜਿਵੇਂ ਬਦਲਾਂ ਦੇ ਤਲ ਚੰਨ ਚਲਦਾ ਪੜੇ ਬਾਲਕਾਂ ਨੂੰ ਏਹ ਭੋਲ ਹੈ ਜੀ ॥ ਚਲੇ ਮਨ ਇੰਦ੍ਰੀ ਏਹ ਪ੍ਰਾਣਾ ਦਿਕ ਓਹ ਦੇਖਣ ਹਾਰ ਅਲੇਪ ਹੈ ਜੀ ॥ ਬੁੱਲਾਸ਼ਾਹ ਸੰਭਾਲ ਖ਼ੁਸ਼ਾਲ ਹੂੰਜੇ ਐਨ ਆਕ੍ਰਿਫ਼ਾਂ ਦਾ ਏਹ ਬੋਲ ਹੈ ਜੀ ॥ ੧੨ ॥ ਸੀਨ ਸਿਫ਼ਤ ਕਰਨਾ ਜਾਨ ਆਪਨੀ ਤੂ ਭੂਲ ਆਪ ਹੀ ਹੋਰ ਕੁਛ ਹੋਵਣਾ ਈਂ ॥ ਜਿਵੇਂ ਲਿਖਿਆ ਸ਼ੇਰ ਚਿਤ੍ਰੇ ਰਿਆਂ ਨੇ ਸਚ ਜਾਣ ਕੇ ਬਾਲਕਾਂ ਰੋਵਣਾ ਈਂ ॥ ਜ਼ਰਾ ਮੈਲ ਨਾਹੀਂ ਦੇਖ ਭੂਲਨਾ ਹੈ ਲਗਾ ਚਿੱਕੜ ਜਾਨ ਕੇ ਧੋਵਣਾ ਈਂ ॥ ਬੁੱਲਾਸ਼ਾਹ ਜੰਜਾਲ ਨਾ ਫ਼ਿਕਰ ਹੋਈ ਜਾਨ ਬੂਝ

Digitized by Panjab Digital Library | www.panjabdigilib.org

ਕੇ ਬਾਜੀ ਨੂੰ ਖੇਵਣਾਈਂ ॥ ੧੩ ॥ ਸ਼ੀਨ ਸ਼ੁਭਾ ਨਹੀਂ ਜ਼ਰਾ
ਇਕ ਇਸਮੇਂ ਸਦਾ ਆਪਣਾ ਆਪ ਸਰੂਪ ਹੈ ਜੀ ॥ ਨਾਹੀਂ
ਗਿਆਨ ਅਗਿਆਨ ਦੀ ਠੌਰ ਓਥੇ ਕਹਾਂ ਸੂਰ ਮੇਂ ਛਾਉਂ ਤੇ ਧੂਪ ਹੈ
ਜੀ। ਪੜਾ ਸੇਜ ਕੇ ਮਾਹਿ ਹੈ ਸਹੀ ਸੋਧਾ ਕੂੜ ਸੁਪਨ ਕਾ ਰੂਪ
ਅਰ ਭੂਪ ਹੈ ਜੀ। ਬੁੱਲਾ ਸ਼ਾਹ ਸੰਭਾਲ ਜਬ ਮੂਲ ਦੇਖਾ ਠੌਰ ਠੌਰ ਮੇਂ
ਵਹੀ ਅਨੂਪ ਹੈ ਜੀ ॥ ੧੪ ॥ ਸੁਆਦ ਸਬਰ ਕਰਨਾ ਬਣੀ ਆਇ
ਉਤੇ ਦੇਖ ਰੰਗਾ ਨਾ ਚਿਤ ਡੁਲਾਈਏ ਜੀ। ਸਦਾ ਤੁਖਮ ਦੀ ਤਰਫ਼
ਨਿਗਾਹ ਕਰਨੀ ਪਾਤ ਫਲ ਫੂਲ ਓਰ ਨ ਜਾਈਏ ਜੀ ॥ ਜੋ
ਆਇ ਅਰ ਜਾਇ ਨ ਟਿਕ ਰਹੇ ਤਾਂ ਮੇਂ ਕੌਨ ਦਾਨਸ਼ ਚਿਤ
ਲਾਈਏ ਜੀ। ਬੁੱਲਾ ਸ਼ਾਹ ਸੰਭਾਲ ਖ਼ੁਦ ਖੰਡ ਚਾਖੀ ਜਿਸ ਦੁਖ
ਅਲ ਤਿਸ ਕਰਜ਼ੇ ਖਾਈਏ ਜੀ ॥ ੧੫ ॥ ਜ਼ੁਆਦ ਜ਼ਿਕਰ ਤੇ ਫ਼ਿਕਰ
ਸਭ ਛੋਡ ਦੀਜੇ ਕੀ ਜੋ ਨਹੀਂ ਫਿਰ ਕੁਛ ਪਛਾਣਾ ਹੈ ਜੀ। ਜਾਸੋਂ
ਉਠਾ ਹੈ ਤਾਂਹੀ ਕੇ ਬੀਚ ਡਾਲੇ ਹੈ ਅਤੇ ਆਦ ਦੇਖੋ ਆਪ ਜਾਣਾ ਹੈ ਜੀ
। ਦੂਜੀ ਚੀਜ਼ ਨਾ ਪੈਦਾ ਹੀ ਦਖੀਏ ਜੀ ਏਹੀ ਸਹੀ ਕਰ ਜੀਅ
ਮੇਂ ਆਣਾ ਹੈ ਜੀ। ਬੁੱਲਾ ਸ਼ਾਹ ਖੁਸ਼ਹਾਲ ਹੈ ਆਪ ਤਾਂਈਂ ਸਦਾ
ਏਕ ਅਖੰਡ ਮੇਂ ਜਾਣ ਹੈ ਜੀ ॥ ੧੬ ॥ ਤੋਇ ਤੌਰ ਮਹਬੂਬ ਦਾ
ਜਿਨ੍ਹਾਂ ਡਿਠਾ ਤਿਨਾਂ ਦੂਈ ਤਰਫ਼ੋਂ ਮੁਖ ਮੋੜਿਆ ਈ। ਕਾਈ
ਲਟਕ ਪਿਆਰ ਦੀ ਲੂਟ ਲੀਤਾ ਹਾਲ ਨਾਹੀਂ ਐਸਾ ਜੀਉ
ਜੋੜਿਆ ਈ। ਅੱਠ ਪਹਿਰ ਮਸਤਾਨ ਦੀ ਵਾਂਗ ਫਿਰਦੇ ਓਨਾਂ
ਪੈਰ ਅਲੂਟਣਾ ਬੇੜਿਆ ਈ। ਬੁੱਲ ਸ਼ਾਹ ਓਹ ਆਪ ਮਹਬੂਬ
ਹੋਇ ਆਸ਼ਕ ਯਾਰ ਦੇ ਕੁਫ਼ਰ ਸਭ ਤੋੜਿਆ ਈ ॥ ੧੭ ॥
ਇਕੋ ਜੂਦ ਨੂੰ ਝਗੜਾ ਧਾਰ ਡੂਬਾਂ ਫਿਰੇਂ ਢੂੰਡਦਾ ਕਿਸ ਨੂੰ ਦਸ

Digitized by Panjab Digital Library | www.panjabdigilib.org

ਮੈਨੂੰ ॥ ਪਹਿਲ ਢੂੰਡਣੇਹਾਰ ਨੂੰ ਢੂੰਡ ਖਾਤੂੰ ਪਿਛੋ ਪੰਰਤਕ ਵੇਖ
ਘਰੇ ਰਸਤੇ ਨੂੰ ॥ ਮਤਾ ਤੂੰ ਹੈ ਹੋਵੇਂ ਆਪ ਯਾਰ ਸਭਦਾ ਫਿਰੇਂ ਢੂੰਡਦਾ
ਜੰਗਲਾਂ ਵਿਚ ਮੈਂ ਨੂੰ ॥ ਬੁੱਲਾਸ਼ਾਹ ਤੂੰ ਆਪ ਮਹਿਬੂਬ ਪਿਆਰਾ
ਭੁਲਾ ਆਪ ਥੀਂ ਢੂੰਡਦਾ ਫਿਰੇ ਕੈਨੂੰ ॥ ੧੮ ॥ ਐਨ ਐਨ ਹੈ
ਆਪ ਬਿਨਾਂ ਨੁਕਤੇ ਸਦਾ ਰੈਨ ਮਹਬੂਬ ਦਿਲਦਾਰ ਮੇਰਾ ॥
ਇਕ ਬਾਰ ਮਹਬੂਬ ਨੂੰ ਜਿਨਾ ਡਿੱਠਾ ਓਹ ਵੇਖਣੇਹਾਰ ਰਹੈ ਦਾਅਾ
ਕੇਰਾ। ਉਸ ਤੇਂ ਲਖ ਬਹਿਸ਼ਤ ਕੁਰਬਾਨ ਕੀਤੇ ਪਹੁ ਰੇ ਮਹਿਲ
ਬੇਗੰਮ ਚੁਕਾਈ ਝੇਰਾ। ਬੁੱਲੇਸ਼ਾਹ ਹਰ ਹਾਲ ਬੇਗਮ ਫਿਰਦੇ
ਹਾਥੀ ਮਤੜੇ ਤੋੜ ਜ਼ੰਜੀਰ ਜੇਰਾ ॥ ੧੯ ॥ ਗੈਨ ਗਮਨੇ ਮਾਰ
ਹੈਰਾਨ ਕੀਤੀ ਅੱਠੇ ਪਹਿਰ ਪਿਆਰੇ ਨੂੰ ਲੋੜਦੀ ਸਾਂ ॥ ਮੈਨੂੰ ਖਾਵ
ਣਾ ਪੀਵਣਾ ਭੁਲ ਗਿਆ ਰੱਬਾ ਮੇਲ ਜਾਨੀ ਹਥ ਜੋੜਦੀ ਸਾਂ
॥ ਸਈਆਂ ਛਡ ਗਈਆਂ ਮੈਂ ਅਕੱਲੜੀ ਨੂੰ ਸਾਕ ਨਾਲੋਂ
ਤਾਰਾਂ ਤੋੜਦੀ ਸਾਂ ॥ ਬੁੱਲਾਸ਼ਾਹ ਜਾਂ ਆਪ ਨੂੰ ਸਹੀ ਕੀਤਾ
ਤਦੋਂ ਸੁਤੜੀ ਅੰਗਨਾ ਮੋੜ ਦੀਸਾਂ ॥ ੨੦ ॥ ਫੇ ਫ਼ਿਕਰ ਗਿਆ
ਸਈਓ ਮੇਰੀ ਧੋਨੀ ਮੈਂ ਤਾਂ ਆਪਣੇ ਆਪ ਨੂੰ ਸਹੀ ਕੀਤਾ ॥ ਕੂੜੀ
ਦੋਹਲਾ ਨਹ ਚੁਕਦਾ ਈ ਧੂੜ ਫਾਣਕ ਲਾਲ ਨੂੰ ਕੱਢ ਲੀਤਾ।
ਦਿਸੇ ਧੂੰਏਂ ਦਾ ਧੌਲਰ ਹੈ ਜਗ ਸਾਰਾ ਸੁਟ ਘਤਿਆ ਜੀਉ ਤੇਂ
ਹਾਰ ਜੀਤਾ। ਬੁੱਲਾਸ਼ਾਹ ਅਨੰਦ ਅਖੰਡ ਸੱਚਾ ਜਾਣ ਆਪ ਨੂੰ
ਆਬਹਯਾਤ ਕੀਤਾ ॥ ੨੧ ॥ ਕਾਫ਼ ਕੌਣ ਜਾਣੇ ਜਾਣ ਜਾਣਦੀ
ਨੂੰ ਆਪ ਜਾਨਣੇਹਾਰ ਏਹ ਕੁਲ ਦਾ ਹੈ ॥ ਪ੍ਰਤਖ ਥੀਂ ਅਵ
ਪ੍ਰਮਾਣ ਜੇਤੇ ਸਿਧ ਕੀਤ ਬਿਨਾਂ ਇਹ ਭੁਲਦਾ ਹੈ ॥ ਨੇਤ ਨੇਤ
ਕਰ ਬੋਲ ਪੁਕਾਰ ਵੇਨੀ ਨਹੀਂ ਦੂਸਰਾ ਇਸ ਦੇ ਭੁਲ ਦਾ ਹੈ ॥

Digitized by Panjab Digital Library | www.panjabdigilib.org

ਬੁੱਲ੍ਹਾਸ਼ਾਹ ਸੰਭਾਲ ਜਦ ਆਪ ਦੇਖਾ ਸਦਾਸੁਖੀ ਪ੍ਰਕਾਸ਼ ਏਹ ਝੂਲਦਾ ਹੈ ॥ ੨੨ ॥ ਗਾਫ਼ ਗੁਜ਼ਰ ਗੁਮਾਨਤੋਂ ਸਮਝ ਬਹਿਕੇ ਅਹੰਕਾਰ ਦਾ ਆਸਰਾ ਕੋ ਨਾਹੀ ॥ ਬੁਧਿ ਆਦ ਸੰਘ ਤਜੜ੍ਹ ਦੇਖੀਏਜੀਖੜ੍ਹਾਕਾਠਪਖਾਣਜਿਉਂ ਭੂਮ ਮਾਹੀ॥ਆਪਆਤਮਾ ਗਿਆਨ ਸਰੂਪ ਸਦਾ ਕਦੀ ਨਹੀਂ ਫੁਰਦਾ ਖੜਾ ਇਕ ਜਾ ਹੀ ॥ ਬੁੱਲ੍ਹਾਸ਼ਾਹ ਸੰਭਾਲ ਬਿਬੇਕ ਸੇਤੀ ਖ਼ੁਦੀ ਛਡ ਖ਼ੁਦ ਹੋਇ ਸੁਖ ਲਹੇ ਤਾਹੀ ॥ ੨੩ ॥ ਲਾਮ ਲਗ ਅਖੇ ਜਾਗ ਕਹਾਂ ਸੋਯਾ ਜਾਣ ਬੁਝਕੇ ਦੁਖ ਕਿਉਂ ਪਾਵਨਾ ਹੈਂ । ਜ਼ਰਾ ਆਪਨੀ ਹਟੋਂ ਬਰਿਆਈਆਂ ਤੋਂ ਕੱਢ ਮਸਲੇ ਲੋਕਾਂ ਸੁਣਾਵਣਾ ਹੈਂ । ਕਾਗਵਿਸ੍ਰ ਜਿਉਂ ਜਣਕਤਜੀਸੰਤਾਂ ਵਿਖ ਮਾਹ ਕਿਉਂ ਰਿਤ ਲੁਭਾਵਨਾ ਹੈਂ ॥ ਬੁੱਲ੍ਹਾਸ਼ਾਹ ਓਹਜਾਨਣੇਹਾਰ ਦਿਲਦੀਕਰੇਂ ਚੋਰੀਆਂਸਾਧਸਦਾਵਨਾ ਹੈਂ ॥੨੪॥ ਮੀਮ ਮੌਜੂਦ ਹਰਜਾਇ ਮੌਲਾ ਉਸੇ ਦੇਖ ਕਿਆ ਰੂਪ ਬਣਾਯਾਸੂ ॥ ਜਿਵੇਂ ਇਕਹੀ ਤੁਖ਼ਮ ਬਹੁਤ੍ਰਾਂ ਦਿਸੇ ਤਿਵੇਂ ਆਪਨਾ ਆਪ ਭੁਲਾਯਾ ਸੂ ॥ ਮਾਹਿ ਆਪਣਾ ਆਪ ਤੂੰ ਖੇਲਤਾ ਹੈਂ ਨਰ ਨਾਰ ਹੋਇ ਰਿਤ ਮਿਲਾਯਾਸੂ ॥ ਬੁੱਲ੍ਹਾਸ਼ਾਹਨਾਮੂਲਬੀਂਕੁਝਦੂਜਾਸੋਈਜਾਣਦਾ ਜਿਨੂੰ ਜਣਾਯਾ ਸੂ ॥ ੨੫ ॥ ਨੂਨ ਨਾਮਤੇ ਰੂਪ ਉਠਾਇ ਦਿਤੇ ਪਿਛੋਂ ਅਸਤਅਰ ਭਾਂਤ ਪ੍ਰਿਅਸਾਰਹੈਜੀ ॥ ਜੋਈ ਬ੍ਰਿਤ ਕਾ ਚਿਤਵਨੀ ਬੀਚ ਆਵੇ ਸੋਈ ਜਾਣ ਤਹਕੀਕ ਕਰਕਾਰ ਹੈਜੀ ॥ ਦੀਨ ਬੁਧਕੀ ਬ੍ਰਿਤਿਕਾ ਤਹੀਸਾਖੀ ਤਿਨੈ ਛਡਨਿਜ ਬੁਧਿਮੈਂ ਰਾਚ ਹੈਜੀ ॥ ਬੁੱਲ੍ਹਾਸ਼ਾਹ ਤੂੰ ਭੂਪ ਅਚਲ ਬੈਠਾ ਤੇਰੇ ਅਗੇ ਪ੍ਰਕ੍ਰਿਤ ਕੇ ਨਾਰਹੈਜੀ ॥ ੨੬ ॥ ਵਾਉ ਵਖਤ ਏਹ ਹਥ

Digitized by Panjab Digital Library | www.panjabdigilib.org

ਨਾ ਆਵਣਾਈ ਇਕ ਪਲਕ ਦੇ ਲਖ ਕ੍ਰੋੜ ਹੋਵੇਂ ॥ ਯਤਨ ਕਰੇਂ ਤਾਂ ਆਪ ਅਗਾਹ ਹੋਵੇਂ ਤੂੰ ਤਾਂ ਪਹਿਰ ਅਠੇ ਵਿਖ ਵਿਚ ਸੇਵੇਂ ॥ ਓਹ ਕੂੜਵ ਪਾਰ ਸਿਰ ਧੂਹ ਮੈਲ ਚਿੰਤਾਮਣੀ ਤਜ ਦੇਹ ਫਿਰਕ ਢਲੇਵੇਂ ॥ ਬੁੱਲਾ ਸ਼ਾਹ ਸੰਭਾਲ ਨਿਜ ਰੂਪ ਤਾਈਂ ਤੂਹੀ ਇਕ ਅਨੰਦ ਮੈਂ ਕਹਾ ਮੇਵੇਂ ॥ ੨੭ ॥ ਹੇ ਹੋਰ ਤਰਾਂ ਦਿਲ ਵਾਰਦੀ ਹੈ ਰੰਗ ਰੰਗ ਦੇ ਰੂਪ ਬਨਾ ਯਾਈ ॥ ਕਹੂੰ ਆਪ ਤੇ ਭੁਲ ਰੰਜੂਲ ਹੋਇਆ ਅਰਧ ਉਰਧ ਮੈਂ ਭਰਮ ਦੁਖ ਪਾਇਆ ਈ ॥ ਜਦੋਂ ਆਪਣੇ ਆਪ ਮੈਂ ਪ੍ਰਗਟ ਹੋਇਆ ਨਿਜਾਨੰਦ ਕੇ ਮਾਹਿ ਸਮਾਇਆ ਈ ॥ ਬੁੱਲਾ ਸ਼ਾਹ ਜੋ ਆਦ ਥਾ ਅੰਤ ਸੋਈ ਭਯਾ ਨੀਰ ਮੈਂ ਨੀਰ ਸਮਾਇਆ ਈ ॥ ੨੮ ॥ ਅਲਫ਼ ਅਜ ਬਣਿਆ ਸੁਭਰੰਗ ਮੇਰਾ ਗਮੀ ਸ਼ਾਦੀਏ ਪਾਰ ਖਲੋਇਆ ਮੈਂ ॥ ਭਯਾ ਦੂਰ ਭਰਮ ਪ੍ਰਮ ਪਦ ਪਾਯਾ ਡਰ ਕਾਲ ਦਾ ਜੀ ਉਥੋਂ ਖੋਯਾ ਮੈਂ ॥ ਸਾਧ ਸੰਗ ਦੀ ਦਯਾ ਤੇ ਭਯਾ ਨਿਰਮਲ ਘਟ ਘਟ ਚੈਤੰਨ ਸੁਖ ਸੋਇਆ ਮੈਂ ॥ ਬੁੱਲਾ ਸ਼ਾਹ ਸੰਭਾਲ ਜਬ ਮੂਲ ਦੇਖਾ ਜੋਈ ਆਦ ਥਾ ਅੰਤ ਫਿਰ ਹੋਇਆ ਮੈਂ ॥ ੨੯ ॥ ਧੇ ਧਾਰ ਪਾਯਾ ਸਹੀ ਓ ਮੇਰੀਓ ਨੀ ਮੈਤ੍ਰਾਂ ਆਪਣਾ ਆਪ ਗਵਾਇਕੇ ਜੀ ॥ ਰਹੀ ਸੁਧ ਨ ਬੁਧ ਜਹਾਨ ਕੇਰੀ ਥਕੀ ਬ੍ਰਿਤਿ ਅਨੰਦ ਮੋਂ ਜਾਇਕੇ ਜੀ ॥ ਅਠੇ ਪਹਿਰ ਬਿਸ੍ਰਾਮ ਨਾ ਕਾਮ ਕੋਈ ਦੂਜੀ ਗਿਆਨ ਦੀ ਭਾਹਿ ਜਲਾਇਕੇ ਜੀ ॥ ਬੁੱਲੇ ਸ਼ਾਹ ਮੁਬਾਰਕਾਂ ਲਖ ਦੇਵੇਂ ਭਾਈ ਜਾਨ ਜਾਨੀ ਗਲ ਲਾਇਕੇ ਜੀ ॥ ੩੦ ॥ ਇਤਿ ਸ੍ਰੀ

ਸੰਪੂਰਣੰ

---

Digitized by Panjab Digital Library | www.panjabdigilib.org

B-1317

Digitized by Panjab Digital Library | www.panjabdigilib.org

Digitized by Panjab Digital Library | www.panjabdigilib.org